ਵੀਰਵਾਰ

25, ਫਰਵਰੀ 2010

14 ਫੱਗਣ ,

ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ

ਅੰਕ ਨੰ. 315,

ਸਾਲ 25

Postal Regd. No.

PB/0007/09-2011

www.ajdiawaaz.com **ਪੰਜਾਬ ਦੀ ਉਮੀਦ** info@ajdiawaaz.com



ਸ਼ਹਿਰ ਤੇ ਆਸ-ਪਾਸ — ਸੈਨੀਟੇਸ਼ਨ ਦੇ ਚੈੱਕ ਪੰਚਾਇਤਾਂ ਨੂੰ ਵੰਡੇ 3

ਸੰਪਾਦਕੀ — ਘੱਟ ਗਿਣਤੀਆਂ ਤੇ ਪਾਕਿਸਤਾਨ 4



ਦੇਸ਼ ਦੁਨੀਆਂ — ਅਜਬ ਹਾਕੀ ਦੀ ਗਜ਼ਬ ਕਹਾਣੀ 8

ਰੇਲ ਬਜਟ ਪੇਸ਼, ਯਾਤਰੀ ਕਿਰਾਏ 'ਚ ਕੋਈ ਵਾਧਾ ਨਹੀਂ

☛ਕੈਂਸਰ ਦੇ ਮਰੀਜ਼ਾਂ ਲਈ ਮੁਫ਼ਤ ਯਾਤਰਾ ☛177 ਨਵੀਆਂ ਰੇਲ ਗੱਡੀਆਂ ਚੱਲਣਗੀਆਂ

ਨਵੀਂ ਦਿੱਲੀ, 24 ਫਰਵਰੀ (ਵਿਸ਼ਵ ਵਾਰਤਾ)- ਰੇਲ ਮੰਤਰੀ ਮਮਤਾ ਬੈਨਰਜੀ ਨੇ ਅੱਜ ਲੋਕ ਸਭਾ ਵਿਚ 2010-11 ਦਾ ਰੇਲ ਬਜਟ ਪੇਸ਼ ਕੀਤਾ। ਇਸ ਰੇਲ ਬਜਟ ਵਿਚ ਯਾਤਰੀ ਕਿਰਾਏ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਅਤੇ 177 ਨਵੀਆਂ ਰੇਲ ਗੱਡੀਆਂ ਚਲਾਉਣ ਦਾ ਪ੍ਰਸਤਾਵ ਕੀਤਾ ਗਿਆ ਹੈ। ਪੱਛਮੀ ਬੰਗਾਲ ਤੇ ਹੋਰ ਰਾਜਾਂ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਯਾਤਰੀ ਕਿਰਾਏ ਤੇ ਮਾਲ ਭਾੜੇ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਉਲਟਾ ਖਾਦ ਪਦਾਰਥਾਂ ਤੇ ਕੈਰੋਸੀਨ ਦੇ ਮਾਲਭਾੜੇ ਵਿਚ ਸੌ ਰੁਪਏ ਦੀ ਕਮੀ ਵੀ ਕੀਤੀ ਗਈ ਹੈ। ਰੇਲ ਮੰਤਰੀ ਮਮਤਾ ਬੈਨਰਜੀ ਨੇ ਲੋਕ ਸਭਾ ਵਿੱਚ ਰੇਲ ਬਜਟ ਪੇਸ਼ ਕਰਦਿਆਂ ਐਲਾਨ ਕੀਤਾ ਕਿ ਆਉਂਦੇ ਪੰਜ ਸਾਲਾਂ ਵਿੱਚ ਪੂਰੇ ਦੇਸ਼ ਨੂੰ ਰੇਲ ਲਾਈਨਾਂ ਨਾਲ ਜੋੜ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਹਰ ਵਰ੍ਹੇ ਇੱਕ ਹਜ਼ਾਰ ਕਿਲੋਮੀਟਰ ਨਵੀਆਂ ਰੇਲ ਲਾਈਨਾਂ ਬਿਛਾਈਆਂ ਜਾਣਗੀਆਂ। ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਰੇਲਵੇ ਦੀ ਪ੍ਰਾਈਵੇਟ ਖੇਤਰ ਨਾਲ ਭਾਗੀਦਾਰੀ ਮਹੱਤਵਪੂਰਨ ਹੈ ਪਰ ਰੇਲਵੇ ਦਾ ਕਿਸੇ ਵੀ ਹਾਲਤ ਵਿੱਚ ਨਿੱਜੀਕਰਨ ਨਹੀਂ ਕੀਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਆਉਂਦੇ ਸੱਤ ਮਹੀਨਿਆਂ ਵਿੱਚ 117 ਨਵੀਂਆਂ ਰੇਲ ਗੱਡੀਆਂ ਸ਼ੁਰੂ ਕੀਤੀਆਂ ਜਾਣਗੀਆਂ। ਮਮਤਾ ਬੈਨਰਜੀ ਨੇ ਕਿਹਾ ਕਿ ਮੁਸਾਫਿਰ ਤੇ ਰੇਲ ਭਾੜੇ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਨੇ ਦੱਸਿਆ ਕਿ ਰੇਲ ਰੋਕੋ ਅੰਦੋਲਨ ਨਾਲ ਮੁਸਾਫਿਰ ਭਾੜੇ ਤੋਂ ਹੁੰਦੀ ਆਮਦਨ ਵਿੱਚ ਕਮੀ ਆਈ ਹੈ ਪਰ ਮਾਲ ਭਾੜੇ ਤੋਂ ਹੋਈ ਆਮਦਨ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਰੇਲ ਗੱਡੀਆਂ ਦੀ ਸੁਰੱਖਿਆ ਦੀ ਜ਼ਿੰਮੇਂਵਾਰੀ ਰਾਜ ਸਰਕਾਰਾਂ ਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਰੇਲਵੇ ਨੇ ਆਪਣੇ ਤੌਰ 'ਤੇ ਰੇਲ ਦੇ ਵੱਖ ਵੱਖ ਸਾਧਨ ਅਪਣਾ ਕੇ ਆਪਣੇ ਖਰਚਿਆਂ ਵਿੱਚ ਤਕਰੀਬਨ 2000 ਕਰੋੜ ਰੁਪਏ ਦੀ ਬਚਤ ਕੀਤੀ ਹੈ। ਸਾਲ 2010-11 ਰੇਲ ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ :-ਯਾਤਰੀ ਕਿਰਾਏ ਅਤੇ ਮਾਲ ਕਿਰਾਏ ਵਿੱਚ ਕੋਈ ਵਾਧਾ ਨਹੀਂ, ਈ. ਟਿਕਟਾਂ ਉਤੇ ਸਰਵਿਸ ਚਾਰਜਿੰਗ ਨੂੰ ਘਟਾਇਆ ਗਿਆ, ਜ਼ਿਲ੍ਹਾ ਹੈਡਕੁਆਰਟਰ ਅਤੇ ਪਿੰਡ ਪੰਚਾਇਤਾਂ ਦੇ ਪੱਧਰ ਉਤੇ ਟਿਕਟ ਸੈਂਟਰ ਖੋਲ੍ਹੇ ਜਾਣਗੇ, ਕੈਂਸਰ ਮਰੀਜ਼ਾਂ ਲਈ ਮੁਫਤ ਯਾਤਰਾ, ਯਾਤਰੀਆਂ ਦੇ ਪੀਣ ਵਾਲੇ ਸਾਫ ਪਾਣੀ ਦੀ ਸਹੂਲਤ ਲਈ 6 ਸਾਫ ਬੋਤਲ ਪਲਾਂਟ ਲਗਾਏ ਜਾਣਗੇ, ਰੇਲਵੇ ਭਰਤੀ ਪ੍ਰੀਖਿਆ ਬੋਰਡ ਵਿੱਚ ਔਰਤਾਂ, ☛(ਬਾਕੀ ਸਫਾ 2 'ਤੇ)

ਵਿਰੋਧੀ ਧਿਰ ਵੱਲੋਂ ਆਲੋਚਨਾ

- ਭਾਜਪਾ ਅਤੇ ਖੱਬੇ ਪੱਖੀ ਦਲਾਂ ਨੇ ਅੱਜ ਰੇਲ ਬਜਟ ਦੀ ਆਲੋਚਨਾ ਕਰਦਿਆਂ ਇਸ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ। ਉਥੇ ਕਾਂਗਰਸ ਅਤੇ ਰਾਕਾਂਪਾ ਨੇ ਇਸ ਨੂੰ ਸੰਤੁਲਿਤ, ਵਿਕਾਸ ਮੁਖੀ ਅਤੇ ਮਨੁੱਖੀ ਪਹਿਲੂਆਂ ਨੂੰ ਅਤੇ ਆਮ ਆਦਮੀ ਦੀਆਂ ਚਿੰਤਾਵਾਂ ਨੂੰ ਪ੍ਰਤੀਬਿੰਬਿਤ ਕਰਨ ਵਾਲਾ ਦੱਸਿਆ ਹੈ। ਭਾਜਪਾ ਦੇ ਨੇਤਾ ਅਨੰਤ ਕੁਮਾਰ ਨੇ ਸੰਸਦ ਕੰਪਲੈਕਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਰੇਲ ਯਾਤਰੀਆਂ ☛(ਬਾਕੀ ਸਫਾ 2 'ਤੇ)

ਬਜਟ ਭੁਲੇਖਾਪਾਊ ਅਤੇ ਵਿਤਕਰੇਪੂਰਨ-ਬਾਦਲ

ਚੰਡੀਗੜ੍ਹ 24 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਕੇਂਦਰੀ ਰੇਲਵੇ ਬਜਟ 2010-11 ਦੀ ਆਲੋਚਨਾ ਕਰਦੇ ਹੋਏ ਇਸ ਨੂੰ ਯੂ.ਪੀ.ਏ ਸਰਕਾਰ ਵਲੋਂ ਪੰਜਾਬ ਪ੍ਰਤੀ ਵਿਤਕਰੇਪੂਰਨ ਤੇ ਅਨਿਆਪੂਰਨ ਦੱਸਿਆ ਹੈ ਅੱਜ ਇਥੇ ਜਾਰੀ ਇਕ ਬਿਆਨ ਵਿਚ ਉਹਨਾ ਕਿਹਾ ਕਿ ☛(ਬਾਕੀ ਸਫਾ 2 'ਤੇ)

ਮਿਲੇਗਾ ਸਸਤਾ ਖਾਣਾ

- ਰੇਲਵੇ ਮੰਤਰੀ ਨੇ ਬਜਟ ਪੇਸ਼ ਕਰਦਿਆਂ ਐਲਾਨ ਕੀਤਾ ਕਿ ਰੇਲਵੇ ਦੀ ਮੌਜੂਦਾ ਖਾਣਪੀਣ ਨੀਤੀ ਦੀ ਸਮੀਖਿਆ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਰੇਲਵੇ ਸਟੇਸ਼ਨਾਂ ਉਤੇ ਮੁਸਾਫਿਰਾਂ ਨੂੰ ਸਸਤੇ ਮੁੱਲ ਉਤੇ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਵੇਗਾ ਜਿਸ ਦੀ ਕੀਮਤ 7 ਤੋਂ 10 ਰੁਪਏ ਪ੍ਰਤੀ ਬੋਤਲ ਹੋਵੇਗੀ ਤੇ ਉਨ੍ਹਾਂ ਨੂੰ ਸਸਤਾ ਖਾਣਾ ਵੀ ਦਿੱਤਾ ਜਾਵੇਗਾ। ਦੇਸ਼ ਦੇ ਸਾਰੇ ਰੇਲਵੇ ਸਟੇਸ਼ਨਾਂ ਉਤੇ ਮਲਟੀਲੈਬਲ ਪਾਰਕਿੰਗ ☛(ਬਾਕੀ ਸਫਾ 2 'ਤੇ)

ਤਖਤੂਪੁਰਾ ਕਤਲ ਕਾਂਡ :

ਹੁਣ ਤੱਕ ਤਿੰਨ ਗ੍ਰਿਫਤਾਰੀਆਂ, ਬਾਕੀਆਂ ਦੀ ਤਲਾਸ਼ ਜਾਰੀ

☛ਕਾਂਗਰਸ ਦੇ ਦੋ ਆਗੂ ਮਿਲੇ ਆਈ.ਜੀ. ਨੂੰ ☛ਗ੍ਰਿਫਤਾਰੀ ਲਈ ਦਿੱਤਾ ਧਰਨਾ

ਅੰਮ੍ਰਿਤਸਰ, 24 ਫਰਵਰੀ (ਮੋਤਾ ਸਿੰਘ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਥੇਬੰਦਕ ਸਕੱਤਰ ਸ੍ਰ. ਸਾਧੂ ਸਿੰਘ ਤਖਤੂਪੁਰਾ ਦੇ ਕਤਲ ਕੇਸ ਵਿੱਚ ਪੁਲਿਸ ਵੱਲੋਂ ਨਾਮਜ਼ਦ ਕਥਿਤ ਦੋਸ਼ੀਆਂ ਵਿੱਚ ਸ਼ਾਮਲ ਇੱਕ ਹੋਰ ਦੋਸ਼ੀ ਮਨਿੰਦਰਜੀਤ ਸਿੰਘ ਉਰਫ ਮਿੰਟੂ ਪੁੱਤਰ ਬਲਦੇਵ ਸਿੰਘ ਵਾਸੀ ਚੋਗਾਵਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਮੁਖੀ ਸ੍ਰ. ਸੁਖਦੇਵ ਸਿੰਘ ਬਰਾੜ ਨੇ ਦੱਸਿਆ ਕਿ ਇਸ ਕੇਸ ਵਿੱਚ ਹੁਣ ਤੱਕ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਬਾਕੀਆਂ ਨੂੰ ਫੜਨ ਲਈ ਪੁਲਿਸ ਬੜੀ ਤੇਜ਼ੀ ਨਾਲ ਦੋਸ਼ੀਆਂ ਦੇ ਲੁੱਕਣ ਟਿਕਾਣਿਆਂ 'ਤੇ ਛਾਪਾਮਾਰੀ ਕਰ ਰਹੀ ਹੈ। ਇਹ ਵੀ ਚਰਚਾ ਹੈ ਕਿ ਇਸ ਕੇਸ ਵਿੱਚ ਨਾਮਜ਼ਦ ਕੁਝ ਲੋਕਾਂ ਜਿਨ੍ਹਾਂ ਵਿੱਚ ਕੁਝ ਸਿਆਸੀ ਆਗੂ ਸੱਤਾਧਾਰੀ ਪਾਰਟੀ ਨਾਲ ਵੀ ਸੰਬੰਧਤ ਹਨ. ਪੁਲਿਸ ਦੇ ਦਬਾਅ ਕਾਰਨ ਕਿਸੇ ਸਮੇਂ ਵੀ ਆਤਮ ਸਮਰਪਣ ਕਰ ਸਕਦੇ ਹਨ। ਇਸ ਮੁਕੱਦਮੇ ਵਿੱਚ ਜਤਿੰਦਰ ਸਿੰਘ ਸਰਪੰਚ ਚੋਗਾਵਾਂ ਅਤੇ ਇਕਬਾਲ ਸਿੰਘ ਬਾਲੂ ਨੂੰ ਪੁਲਿਸ ਨੇ ਪਹਿਲਾਂ ਹੀ ਗ੍ਰਿਫਤਾਰ ਕੀਤਾ ਹੋਇਆ ਹੈ। ਪੁਲਿਸ ਨੇ ਇਸ ਘਟਨਾ ਵਿੱਚ ਫੱਟੜ ਹੋਏ ਸੁਖਵਿੰਦਰ ਸਿੰਘ ਦੇ ਬਿਆਨ ਤੇ ਦੱਸੇ ਦੋਸ਼ੀਆਂ ਨੂੰ ਫੜਨ ਲਈ ਛਾਪੇ ਮਾਰ ਰਹੀ ਹੈ। ਕਿਸਾਨ ਆਗੂ ਸ੍ਰ. ਸਾਧੂ ਸਿੰਘ ਤਖਤੂਪੁਰਾ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਅੱਜ ਇੱਥੇ ਡੀ.ਸੀ. ਦਫਤਰ ਸਾਹਮਣੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਆਗੂਆਂ ਦੀ ਅਗਵਾਈ ਹੇਠ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਅਤੇ ਧਰਨਾ ਦਿੱਤਾ। ਯੂਨੀਅਨ ਦੇ ਪ੍ਰਧਾਨ ਸ੍ਰ. ਜੋਗਿੰਦਰ ਸਿੰਘ ਉਗਰਾਹਾਂ ਸ੍ਰ. ਹਰਦੀਪ ਸਿੰਘ ਟੱਲੇਵਾਲ ਜ਼ਿਲ੍ਹਾ ਪ੍ਰਧਾਨ ਸ੍ਰ. ਰਛਪਾਲ ਸਿੰਘ ਟਰਪਈ ਅਤੇ ਹੋਰ ਆਗੂਆਂ ਨੇ ਸ਼ਮੂਲੀਅਤ ਕੀਤੀ। ਅਤੇ ਮੰਗਾਂ ਦੇ ਹੱਕ ਵਿੱਚ ਜ਼ੋਰਦਾਰ ਭਾਸ਼ਣ ਦਿੱਤੇ ਪੰਜਾਬ ਕਾਂਗਰਸ ਵੱਲੋਂ ਕਿਸਾਨ ਆਗੂ ਸਾਧੂ ਸਿੰਘ ਤਖਤੂਪੁਰਾ ਦੇ ਕਤਲ ਸੰਬੰਧੀ ਗਠਿਤ ਕੀਤੀ ਪੰਜ ਮੈਂਬਰੀ ਖੋਜ ਕਮੇਟੀ ਦੇ ਦੋ ਮੈਂਬਰਾਂ ਸ੍ਰ. ਸੁਖਪਾਲ ਸਿੰਘ ਖਹਿਰਾ ਅਤੇ ਸ੍ਰ. ਸੁਖਵਿੰਦਰ ਸਿੰਘ ਸੁੱਖ ਸਰਕਾਰੀਆ ਨੇ ਆਈਆ.ਜੀ. ਬਾਰਡਰ ਰੇਂਜ ਨਾਲ ਮੁਲਾਕਾਤ ਕਰਕੇ ਇਸ ਕਤਲ ਕਾਂਡ ਵਿੱਚ ਸ਼ਾਮਲ ਦੋਸ਼ੀਆਂ ਵਿਰੁੱਧ ਸਖਤ ਕਰਵਾਈ ਦੀ ਮੰਗ ਕੀਤੀ ਹੈ। ਕਾਂਗਰਸ ਦੇ ਉਕਤ ਦੋਵੇਂ ਆਗੂ ਜੋ ਅਸੈਂਬਲੀ ਹਲਕਾ ਭੁਲੱਥ ਅਤੇ ਰਾਜਾਸਾਂਸੀ ਤੋਂ ਵਿਧਾਇਕ ਵੀ ਹਨ, ਨੇ ਇਸ ਕਾਂਡ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਕਾਂਗਰਸੀ ਆਗੂਆਂ ਨੇ ਦੱਸਿਆ ਕਿ ਉਕਤ ਘਟਨਾ ਤੋਂ ਸਾਬਤ ਹੁੰਦਾ ਹੈ ਕਿ ਪੰਜਾਬ ਵਿੱਚ ਜੰਗਲ ਦਾ ਰਾਜ ਹੈ। ਦੂਜੇ ਪਾਸੇ ਆਈ.ਜੀ. ਬਾਰਡਰ ਰੇਂਜ ਨੇ ਕਾਂਗਰਸੀ ਆਗੂਆਂ ਨੂੰ ਭਰੋਸਾ ਦਿੱਤਾ ਕਿ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਪੁਲਿਸ ਬਹੁਤ ਹੀ ਤੇਜ਼ੀ ਨਾਲ ਕਾਰਵਾਈ ਕਰ ਰਹੀ ਹੈ।

ਪਾਕਿ ਸੈਨਾ ਭਾਰਤ ਨੂੰ ਜਵਾਬ ਦੇਣ 'ਚ ਸਮਰਥ-ਕਿਆਨੀ

ਪਾਕਿ ਨੇ ਫਿਰ ਕੀਤਾ ਜੰਗਬੰਦੀ ਦਾ ਉਲੰਘਣ

ਇਸਲਾਮਾਬਾਦ/ਜੰਮੂ, 24 ਫਰਵਰੀ (ਵਿਸ਼ਵ ਵਾਰਤਾ)- ਪਾਕਿਸਤਾਨ ਦੇ ਫੌਜ ਮੁਖੀ ਜਨਰਲ ਅਸ਼ਫਾਕ ਪ੍ਰਵੇਜ਼ ਕਿਆਨੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸੈਨਾ ਭਾਰਤ ਦੀਆਂ ਚੁਣੌਤੀਆਂ ਦਾ ਜਵਾਬ ਦੇਣ ਵਿਚ ਸਮਰਥ ਹੈ। ਕਿਆਨੀ ਨੇ ਕਿਹਾ ਕਿ ਉਨ੍ਹਾਂ ਦੀ ਫੌਜ ਪੂਰਬੀ ਸਰਹੱਦ 'ਤੇ ਕਿਸੇ ਵੀ ਹਰਕਤ ਦਾ ਮੂੰਹ ਤੋੜ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ। ਕਿਆਨੀ ਦਾ ਸੁਭਾਵਿਕ ਸੰਕੇਤ ਭਾਰਤ ਵੱਲ ਸੀ। ਅਖ਼ਬਾਰ 'ਡੌਨ' ਦਾ ਕਹਿਣਾ ਹੈ ਕਿ ਸੀਨੇਟ ਜਾਂ ਉਚ ਸਦਨ ਵਿਚ ਰੱਖਿਆ ਮਸਲਿਆਂ ਦੀ ਸਥਾਈ ਕਮੇਟੀ ਦੇ ਮੈਂਬਰਾਂ ਦਾ ਸਵਾਲਾਂ ਦੇ ਜਵਾਬ ਵਿਚ ਕਿਆਨੀ ਨੇ ਇਹ ਟਿਪਣੀ ਕੀਤੀ। ਸੈਨਾ ਪ੍ਰਮੁੱਖ ਨੇ ਕਥਿਤ ਰੂਪ ਨਾਲ ਕਿਹਾ ਕਿ ਭਾਰਤ ਦੀ ਦਿਸ਼ਾ ਕਾਫੀ ਦਬਾਅ ਵਾਲੀ ਹੈ, ਜਿਸ ਨੂੰ ਹਲਕੇ ਵਿਚ ਨਹੀਂ ਲਿਆ ਜਾ ਸਕਦਾ। ਉਨ੍ਹਾਂ ਇਹ ਵੀ ☛(ਬਾਕੀ ਸਫਾ 2 'ਤੇ)

ਸੰਸਦ 'ਚ ਸਰਕਾਰ ਵੱਲੋਂ ਵਿਸ਼ੇਸ਼ ਬਿਆਨ

ਪਾਕਿ ਨਾਲ ਵਾਰਤਾ 'ਚ ਉਠਾਵਾਂਗੇ ਸਿਰ ਕਲਮ ਕਰਨ ਦਾ ਮਾਮਲਾ-ਕ੍ਰਿਸ਼ਨਾ

ਭਾਜਪਾਈ, ਬਾਦਲਕੇ ਅਖੌਤੀ ਹਮਦਰਦੀ ਨਾ ਵਿਖਾਉਣ-ਸਰਨਾ

ਨਵੀਂ ਦਿੱਲੀ/ਚੰਡੀਗੜ੍ਹ/ਅੰਮ੍ਰਿਤਸਰ, 24 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ/ਮੋਤਾ ਸਿੰਘ)-ਦੋ ਸਿੱਖਾਂ ਦੇ ਸਿਰ ਕਲਮ ਕਰਨ ਦੀ ਘਟਨਾ ਬਾਰੇ ਸੰਸਦ ਵਿੱਚ ਅੱਜ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਨਾ ਨੇ ਦਿੱਤੇ ਵਿਸ਼ੇਸ਼ ਬਿਆਨ ਵਿੱਚ ਕਿਹਾ ਹੈ ਕਿ ਭਲਕੇ ਹੋਣ ਵਾਲੀ ਭਾਰਤ-ਪਾਕਿ ਸਕੱਤਰ ਪੱਧਰ ਦੀ ਵਾਰਤਾ 'ਚ ਵੀ ਇਹ ਮੁੱਦਾ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਘਟਨਾ ਸੱਭਿਅਕ ਸਮਾਜ ਦੀ ਇੱਕ ਸ਼ਰਮ ਨਾਕ ਕਾਰਾ ਹੈ। ਇਸੇ ਦੌਰਾਨ ਕਾਂਗਰਸ ਦੇ ਇੱਕ ਵਫ਼ਦ ਨੇ ਲੋਕ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ 'ਚ ਪ੍ਰਧਾਨ ਮੰਤਰੀ ਨਾਲ ਪਾਕਿਸਤਾਨ 'ਚ ਕਤਲਾਂ ਸਬੰਧੀ ਗੱਲਬਾਤ ਕੀਤੀ ਅਤੇ ਹੋ ਰਹੀ ਭਾਰਤ ਪਾਕਿ ਵਾਰਤਾ 'ਚ ਇਸ ਮੁੱਦੇ ਨੂੰ ਠੋਸ ਢੰਗ ਨਾਲ ਉਠਾਉਣ ਦੀ ਗੱਲ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਬਾਰੇ ਵੀ ਅਸੀਂ ਮਸਲਾ ਵਿਚਾਰ ਅਧੀਨ ਲਿਆਵਾਂਗੇ। ਇਸੇ ਦੌਰਾਨ ਅੰਮ੍ਰਿਤਸਰ ਤੋਂ ਖ਼ਬਰ ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਜਿੱਥੇ ਸ਼੍ਰੋਮਣੀ ਕਮੇਟੀ ਵੱਲੋਂ ਪਾਕਿ ਵਿੱਚ ਤਾਲੀਬਾਨੀਆਂ ਵੱਲੋਂ ਦੋ ਸਿੱਖਾਂ ਦੇ ਸਿਰ ਕਲਮ ਕੀਤੇ ਜਾਣ 'ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਰਤੀ ਕਾਰੰਸੀ ਮੁਤਾਬਿਕ ਪੰਜ ਪੰਜ ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ। ਉੱਥੇ ਹੀ ਪਾਕਿ ਵਿੱਚ ਵਸਦੇ ਸਿੱਖ ਜੋ ਭਾਰਤ ਵਿੱਚ ਆ ਕੇ ਵੱਸਣਾ ਚਾਹੁੰਦੇ ਹਨ, ਪ੍ਰਤੀ ਭਾਰਤ ਤੇ ਪਾਕਿਸਤਾਨ ਸਰਕਾਰਾਂ ਨੂੰ ਅਪੀਲ ਕੀਤੀ ਗਈ ਕਿ ਇਨ੍ਹਾਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਜਾਵੇ ਤੇ ਇਨ੍ਹਾਂ ਪਰਿਵਾਰਾਂ ਨੂੰ ਰਹਿਣ ਲਈ ਮਕਾਨ ਬਣਾਉਣ ਆਦਿ ਵਰਗੀਆਂ ਹੋਰ ਜ਼ਰੂਰੀ ਸਹੂਲਤਾਂ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀਆਂ ਜਾਣਗੀਆਂ। ਉਨ੍ਹਾਂ ਤਾਲੀਬਾਨੀਆਂ ਨੂੰ ਲੰਬੇ ਹੱਥੀ ਲੈਂਦਿਆ ਕਿਹਾ ਕਿ ਇਨ੍ਹਾਂ ਨਾਲ ਵੀ ਦਰਿੰਦਿਆਂ ਵਾਲਾ ਸਲੂਕ ਕਰਨਾ ਚਾਹੀਦਾ ਹੈ, ਜੋ ਕਿ ਉੱਥੇ ਵੱਸ ਰਹੇ ਸਿੱਖਾਂ 'ਤੇ ਅੱਤਿਆਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 11 ਮੈਂਬਰੀ ਵਫ਼ਦ ਪਾਕਿ ਘਟਨਾ ਵਾਲੇ ਸਥਾਨ ਦਾ ਮੁਆਇਨਾ ਕਰਨ ਲਈ ਭੇਜਿਆ ਗਿਆ ਹੈ ਤੇ ਉਨ੍ਹਾਂ ਨੇ ਖ਼ੁੱਦ ਨਿੱਜੀ ਤੌਰ 'ਤੇ ਦੋਨੋ ਪੀੜਤ ਪਰਿਵਾਰਾਂ ਨਾਲ ਫੋਨ 'ਤੇ ਗੱਲ ਕਰਕੇ ਦੁੱਖ ਸਾਂਝਾ ਕੀਤਾ ਹੈ। ਇਸ ਤੋਂ ਪਹਿਲਾ ਜੱਥੇਦਾਰ ਮੱਕੜ ਨੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਤਿੰਨ ਸੌ ਸਾਲਾ ਸਰਹਿੰਦ ਨੂੰ ਸਮਰਪ੍ਰਿਤ ਸ਼ਤਾਬਦੀਆਂ ਮਨਾਉਣ ਲਈ ਵਿਸੇਸ਼ ਦਫ਼ਤਰ ਦਾ ਉਦਘਾਟਨ ਵੀ ਕੀਤਾ। ਉਨ੍ਹਾਂ ਤਿੰਨ ਸੌ ਸਾਲਾ ਸਰਹਿੰਦ ਫਤਿਹ ਦਿਵਸ ਨੂੰ ਸਮਰਪਿਤ ਸਮਾਗਮਾਂ ਸਬੰਧੀ ਦੱਸਿਆ ਕਿ 12, 13, 14 ਮਈ ਨੂੰ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ ਤੇ ਇਸ ਸਬੰਧੀ 12 ਮਈ ਨੂੰ ਖਾਲਸਾ ਮਾਰਚ ਜਾਹੋ ਜਲਾਲ ਨਾਲ ਸ੍ਰੀ ਨੰਦੇੜ ਸਾਹਿਬ ਤੋਂ ਸ਼ੁਰੂ ਹੋ ਕੇ ਚੱਪੜ ਚਿੜੀ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਪਹੁੰਚ ਕੇ ਸਮਾਪਤ ਹੋਵੇਗਾ ਤੇ ਇਸੇ ☛(ਬਾਕੀ ਸਫਾ 2 'ਤੇ)

ਅਦਾਲਤੀ ਇਮਾਰਤ ਦੀ ਦਿੱਖ ਨਿਆਂ 'ਤੇ ਨਿਰਭਰ-ਜਸਟਿਸ ਗਿੱਲ

ਸਮਾਣਾ, 24 ਫਰਵਰੀ (ਸਾਹਿਬ ਸਿੰਘ, ਨਾਗੀ)-ਸਮਾਣਾ ਵਿਖੇ ਨਵੇਂ ਜੁਡੀਸ਼ੀਅਲ ਕੰਪਲੈਕਸ ਦਾ ਨੀਂਹ ਪੱਥਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਸ੍ਰ. ਮਹਿਤਾਬ ਸਿੰਘ ਗਿੱਲ ਨੇ ਰੱਖਿਆ। ਇਹ ਕੰਪਲੈਕਸ ਇੱਕ ਸਾਲ ਦੇ ਅੰਦਰ-ਅੰਦਰ 22 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਵੇਗਾ। ਵਕੀਲਾਂ ਅਤੇ ਜਨਤਾ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਬਿਲਡਿੰਗ ਕਮੇਟੀ ਦੇ ਚੇਅਰਮੈਨ ਤੇ ਮਾਨਯੋਗ ਹਾਈਕੋਰਟ ਜੱਜ ਜਸਟਿਸ ਗਿੱਲ ਨੇ ਕਿਹਾ ਕਿ ਅਦਾਲਤੀ ਇਮਾਰਤਾਂ ਦੀ ਦਿੱਖ ਲੋਕਾਂ ਨੂੰ ਮਿਲਣ ਵਾਲੇ ਨਿਆਂ 'ਤੇ ਨਿਰਭਰ ਕਰਦੀ ਹੈ। ਓਨਾ ਸਮਾਂ ਨਵੀਆਂ ਅਦਾਲਤੀ ਇਮਾਰਤਾਂ ਦਾ ਕੋਈ ਲਾਭ ਨਹੀਂ, ਜਿੰਨਾ ਚਿਰ ਲੋਕਾਂ ਨੂੰ ਸਸਤਾ ਅਤੇ ਜਲਦੀ ਨਿਆਂ ਨਹੀਂ ਮਿਲਦਾ। ਉਨ੍ਹਾਂ ਨਾਲ ਹੀ ਕਿਹਾ ਕਿ ਚੰਗੀਆਂ ਨਿਆਂਇਕ ਇਮਾਰਤਾਂ ਦੀ ਅਣਹੋਂਦ ਤੋਂ ਬਗੈਰ ਜਲਦੀ ਨਿਆਂ ਦੇਣਾ ਮੁਸ਼ਕਿਲ ਹੈ। ਉਨ੍ਹਾਂ ਦੱਸਿਆ ਕਿ ਸਮਾਣਾ ਵਿਖੇ ਬਣਨ ਵਾਲੇ ਕੰਪਲੈਕਸ ਵਿੱਚ ਵਕੀਲਾਂ, ਆਮ ਜਨਤਾ ਅਤੇ ਕਰਮਚਾਰੀਆਂ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਉਪਲੱਬਧ ਹੋਣਗੀਆਂ। ਕੰਪਲੈਕਸ ਵਾਤਾਨਕੂਲ ਹੋਵੇਗਾ। ਉਨ੍ਹਾਂ ਦੱਸਿਆ ਕਿ ਦੋ ਸਾਲਾਂ ਦੇ ਅੰਦਰ-ਅੰਦਰ 22 ਨਵੇਂ ਜੁਡੀਸ਼ੀਅਲ ਕੰਪਲੈਕਸ ਬਣਾਏ ਗਏ ਹਨ ਅਤੇ ਮਾਰਚ ਤੱਕ ਨਕੋਦਰ, ਬਠਿੰਡਾ ਅਤੇ ਰਾਮਪੁਰਾ ਫੂਲ ਵਿੱਚ ਵੀਨਵੇਂ ਕੰਪਲੈਕਸ ਬਣ ਜਾਣਗੇ। ਉਨ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ੍ਰੀ ਮੁਕਲ ਮੋਦਗਿੱਲ ਦਾ ਸੰਦੇਸ਼ ਪੜ੍ਹ ਕੇ ਸੁਣਾਇਆ, ਜਿਸ ਵਿੱਚ ਸ੍ਰੀ ਮੋਦਗਿਲ ਨੇ ਸਮਾਣਾ ਵਾਸੀਆਂ ਨੂੰ ਨਵੇਂ ਜੁਡੀਸ਼ੀਅਲ ਕੰਪਲੈਕਸ ਦੀ ਵਧਾਈ ਦਿੰਦਿਆਂ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਕੰਮ ਕਰਨ ਦੀ ਅਪੀਲ ਕੀਤੀ। ਇਸ ਮੌਕੇ ਪ੍ਰਸ਼ਾਸਨਿਕ ਜੱਜ ਸ਼ੈਸ਼ਨ ਡਵੀਜ਼ਨ ਪਟਿਆਲਾ ਜਸਟਿਸ ਰਾਜੀਵ ਭੱਲਾ ਵੀ ਵਿਸ਼ੇਸ਼ ਤੌਰ 'ਤੇ ਸ੍ਰ. ਗਿੱਲ ਨਾਲ ਪਹੁੰਚੇ। ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਸ੍ਰ. ਕੁਲਵੰਤ ਸਿੰਘ ਢਿੱਲੋਂ ਨੇ ਨਵੇਂ ਕੰਪਲੈਕਸ ਲਈ ਜਸਟਿਸ ਗੱਲ ਅਤੇ ਜਸਟਿਸ ਭੱਲਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਬਾਰ ਵੱਲੋਂ ਲੱਡੂ ਵੀ ਵੰਡੇ ਗਏ। ਇਸ ਮੌਕੇ ਹੋਏ ਸਮਾਗਮ ਵਿੱਚ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ ਸ੍ਰੀ ਕੁਲਦੀਪ ਸਿੰਘ, ਸਿਵਲ ਜੱਜ ਸ੍ਰੀ ਸੁਮਿਤ ਭੱਲਾ, ਉਪ ਮੰਡਲ ਅਫਸਰ ਸ੍ਰ. ਸੁਖਵਿੰਦਰ ਸਿੰਘ ਗਿੱਲ, ਐੱਸ.ਪੀ. ਪਟਿਆਲਾ ਸ੍ਰ. ਨਰਜਿੰਦਰ ਸਿੰਘ ਸੇਖੋਂ, ☛(ਬਾਕੀ ਸਫਾ 2 'ਤੇ)

ਕੇਂਦਰ ਸਿੱਖਾਂ ਦੀ ਰਾਖੀ ਲਈ ਪਾਕਿ ਨਾਲ ਦੋ-ਟੁੱਕ ਗੱਲ ਕਰੇ

ਬਾਬਾ ਹਰਨਾਮ ਸਿੰਘ ਖਾਲਸਾ, ਭਾਈ ਜਸਵੀਰ ਸਿੰਘ ਖਾਲਸਾ ਵੱਲੋਂ ਕਤਲਾਂ ਦੀ ਨਿੰਦਾ

ਸਮਾਲਸਰ, 24 ਫਰਵਰੀ (ਕੰਵਲਜੀਤ ਸਿੰਘ ਭੋਲਾ)-ਪਾਕਿਸਤਾਨ ਵਿੱਚ ਤਾਲਿਬਾਨ ਵੱਲੋਂ ਤਿੰਨ ਕਰੋੜ ਰੁਪਏ ਦੀ ਫਿਰੌਤੀ ਬਦਲੇ ਸਿੱਖਾਂ ਦੇ ਕੀਤੇ ਗਏ ਕਤਲਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸੰਤ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਮੁੱਖੀ ਦਮਦਮੀ ਟਕਸਾਲ ਅਤੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਨੇ ਗੁਰਦੁਆਰਾ ਕਲਿਆਣਸਰ ਲਧਾਈਕੇ ਵਿਖੇ ਇੱਕ ਵਿਸ਼ੇਸ਼ ਸਮਾਗਮ ਵਿੱਚ ਹਿੱਸਾ ਲੈਂਦਿਆਂ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਕਦੇ ਵੀ ਕਿਸੇ ਦੇ ਧਰਮ ਵਿੱਚ ਦਖਲਅੰਦਾਜ਼ੀ ਨਹੀਂ ਕਰਦੀ ਅਤੇ ਉਹ ਸਾਰਿਆਂ ਦਾ ਸਤਿਕਾਰ ਕਰਦੀ ਹੈ। ਪਰ ਦੁੱਖ ਦੀ ਗੱਲ ਹੈ ਕਿ ਬਦੇਸ਼ਾਂ ਵਿੱਚ ਵੱਸਦੇ ਸਿੱਖਾ ਉੱਤੇ ਵੀ ਹਮਲੇ ਹੋ ਰਹੇ ਹਨ। ਉਨ੍ਹਾਂ ਸਮੁੱਚੀ ਕੌਮ ਨੂੰ ਸਿੱਖਾਂ ਉੱਤੇ ਹੋ ਰਹੇ ਹਮਲਿਆਂ ਸੰਬੰਧੀ ਅ ਵ ਾ ਜ਼ ☛(ਬਾਕੀ ਸਫਾ 2 'ਤੇ)

ਸਿੱਖਿਆ ਖੇਤਰ 'ਚ ਇਨਕਲਾਬ ਲਿਆ ਦਿਆਂਗੇ-ਬਾਦਲ

ਤਪਾ ਮੰਡੀ, 24 ਫਰਵਰੀ (ਯਾਦੂ ਭੁੱਲਰ) ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਹੀ ਪੂਰੇ ਸੂਬੇ ਵਿੱਚ ਇੱਕ ਸਮੇਂ 13 ਕਾਲਜਾ ਦਾ ਨਿਰਮਾਣ ਹੋ ਰਿਹਾ ਹੈ। ਜਦਕਿ ਪਿਛਲੀ ਕਾਂਗਰਸ ਸਰਕਾਰ ਸਮੇਂ ਇੱਕ ਵੀ ਕਾਲਜ ਦਾ ਵੀ ਨਿਰਮਾਣ ਨਹੀਂ ਹੋ ਸਕਿਆ। 13 ਕਾਲਜ ਤੇ ਤਿੰਨ ਯੂਨੀਵਰਸਿਟੀਆਂ ਬਣਨਾ ਕਿਸੇ ਸੂਬੇ ਲਈ ਇਤਿਹਾਸਕ ਕਾਰਜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ☛(ਬਾਕੀ ਸਫਾ 2 'ਤੇ)

ਪੰਜਾਬ 'ਚ ਆ ਰਿਹਾ ਹੈ ਅਫਗਾਨਿਸਤਾਨ ਤੋਂ ਨਸ਼ੀਲਾ ਪਾਊਡਰ-ਮਲਿਕ

ਚੰਡੀਗੜ੍ਹ, 24 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿੱਚ ਅਫਗਾਨਿਸਤਾਨ ਤੋਂ ਪਾਕਿਸਤਾਨ ਰਾਹੀਂ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਆ ਰਹੇ ਹਨ। ਇਸ ਸਬੰਧੀ ਪ੍ਰਗਟਾਵਾ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਡੀ.ਜੀ. ਓ.ਪੀ.ਐੱਸ. ਮਲਿਕ ਨੇ ਅੱਜ ਇੱਥੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਅੰਤਰ-ਰਾਸ਼ਟਰੀ ਬਾਰਡਰ ਲੱਗਣ ਕਰਕੇ ਇੱਥੇ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਆ ਰਹੇ ਹਨ, ਨਾਲ ਹੀ ਗਵਾਂਢੀ ਸੂਬੇ ਹਿਮਾਚਲ ਤੇ ਰਾਜਸਥਾਨ ਦੀ ਸੀਮਾ ਵੀ ਲੱਗਦੀ ਹੈ, ਜਿੱਥੇ ਭਾਰੀ ਮਾਤਰਾ ਵਿੱਚ ਚਰਸ ਤੇ ਗਾਂਜਾ ਪਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਤੇ ਹੱਥਿਆਰਾਂ ਦੇ ਮਾਮਲੇ ਵਿੱਚ ਪੰਜਾਬ ਦੇਸ਼ ਭਰ ਵਿੱਚੋਂ ਇੱਕ ਨੰਬਰ 'ਤੇ ਹੈ।

ਮਲਿਕ ਨੇ ਕਿਹਾ ਕਿ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦਾ ਪ੍ਰਯੋਗ ਹੁੰਦਾ ਹੈ, ਜਿੱਥੇ ਕਿ ਇੱਥੇ ਉਤਪਾਦਨ ਨਹੀਂ ਹੁੰਦਾ, ਉਨ੍ਹਾਂ ਕਿਹਾ ਕਿ ਨਾਰਕੋਟਿਕਸ ☛(ਬਾਕੀ ਸਫਾ 2 'ਤੇ)

ਚੰਡੀਗੜ੍ਹ ਏਅਰਪੋਰਟ ਕੇਂਦਰ ਦੀ ਅਣਗਹਿਲੀ ਦਾ ਸ਼ਿਕਾਰ

ਚੰਡੀਗੜ੍ਹ, 24 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਉੱਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਦੇ ਡਰੀਮ ਪ੍ਰਾਜੈਕਟ ਮੁਹਾਲੀ ਅੰਤਰਰਾਸ਼ਟਰੀ ਏਅਰਪੋਰਟ ਕੇਂਦਰ ਸਰਕਾਰ ਦੇ ਢਿੱਲੇਪਣ ਕਾਰਨ ਲੰਮੇ ਸਮੇਂ ਤੋਂ ਲਟਕਦਾ ਆ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਇਸ ਪ੍ਰਾਜੈਕਟ ਨੂੰ ਲੈ ਕੇ ਜਿਨੀ ਦਿਲਚਸਪੀ ਦਿਖਾਈ ਗਈ ਸੀ, ਉਸ ਦੇ ਉਲਟ ਕੇਂਦਰ ਵੱਲੋਂ ਇਸ ਪ੍ਰਾਜੈਕਟ ਵਿੱਚ ਉਨ੍ਹਾਂ ਹੀ ਢਿੱਲਾਪਣ ਵਿਖਾਇਆ ਗਿਆ ਹੈ। ਸਾਲ 2009 ਵਿੱਚ ਪੰਜਾਬ ਹਰਿਆਣਾ ਤੇ ਕੇਂਦਰ ਸਰਕਾਰ ਵੱਲੋਂ ਭਾਵੇਂ ਇਸ ਸਮਝੌਤੇ 'ਤੇ ਹਸਤਾਖਰ ਕਰਕੇ ਇਹ ਫੈਸਲਾ ਲਿਆ ਸੀ ਕਿ ਚੰਡੀਗੜ੍ਹ ਏਅਰਪੋਰਟ ਨੂੰ ਵੱਡਾ ਕਰਕੇ ਮੁਹਾਲੀ ਤੱਕ ਵਧਾ ਦਿੱਤਾ ਜਾਵੇ ਤੇ ਇਸ ਦਾ ਨਾਂਅ ਮੋਹਾਲੀ ਅੰਤਰਰਾਸ਼ਟਰੀ ਏਅਰਪੋਰਟ ਰੱਖਿਆ ਜਾਵੇ। ਬਾਅਦ ਪੰਜਾਬ ਅਸੈਂਬਲੀ ਵਿੱਚ ਮਤਾ ਪਾਸ ਕਰਕੇ ਇਸ ਦਾ ਨਾਂਅ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਏਅਰਪੋਰਟ ਰੱਖਣ ਦੀ ਤਜਵੀਜ਼ ਕੇਂਦਰ ਕੋਲ ਭੇਜੀ ਸੀ, ਜਿਸ ਨੂੰ ☛(ਬਾਕੀ ਸਫਾ 2 'ਤੇ)

ਧਨੋਆ, ਪੁਰੇਵਾਲ, ਨਿੱਝਰ ਤੇ ਡਾ. ਰਾਮਾ ਵੱਲੋਂ ਸੁਖਬੀਰ ਦੀਆਂ ਖੇਡਾਂ ਨੀਤੀਆਂ ਦੀ ਸ਼ਲਾਘਾ

ਜਲੰਧਰ, 24 ਫਰਵਰੀ (ਹਰਪ੍ਰੀਤ ਸਿੰਘ ਲੇਹਿਲ)-ਪੁਰੇਵਾਲ ਖੇਡ ਮੇਲੇ ਵਿੱਚ ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਕਬੱਡੀ ਅਤੇ ਹਾਕੀ ਨੂੰ ਉਤਸ਼ਾਹ ਦੇਣ ਦੇ ਕੀਤੇ ਗਏ ਐਲਾਨਾ ਦਾ ਵੱਖ-ਵੱਖ ਖੇਡ ਪ੍ਰਮੋਟਰਾਂ, ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਇਸ ਸਬੰਧ ਵਿੱਚ ਉੱਘੇ ਖੇਡ ਪ੍ਰਮੋਟਰ ਸ. ਹਰਜਿੰਦਰ ਸਿੰਘ ਧਨੋਆ, ਗੁਰਜੀਤ ਸਿੰਘ ਪੁਰਵੇਲ, ਸ. ਤਜਿੰਦਰ ਸਿੰਘ ਨਿੱਝਰ, ਗੁਰਪ੍ਰੀਤ ਸਿੰਘ ਸਿੱਧੂ ਰਾਣਾ (ਕੈਨੇਡਾ) ਤੋਂ ਇਲਾਵਾ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਤੇ ਖਿਡਾਰੀਆਂ ਦਾ ਮੁਫ਼ਤ ਇਲਾਜ ਕਰਨ ਵਾਲੇ ਹੱਡੀਆਂ ਦੇ ਰੋਗਾਂ ਦੇ ਮਾਹਿਰ ਡਾ. ਕੁਲਵੰਤ ਰਾਮਾ, ਡਾ. ਐਚ.ਐਸ. ਘੁੰਮਣ ਅਤੇ ਹੋਰ ਸਖਸ਼ੀਅਤਾਂ ਨੇ ਭਰਵਾਂ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਹਾਕੀ ਅਤੇ ਕਬੱਡੀ ਨੂੰ ਵਿਸ਼ਵ ਪੱਧਰ 'ਤੇ ਹਰਮਨ ਪਿਆਰਾ ਬਣਾਉਣ ਦੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ ਉਸ ਨਾਲ ਇਨ੍ਹਾਂ ਦੋਵਾਂ ਖੇਡਾਂ ਦਾ ਕੌਮਾਂਤਰੀ ਪੱਧਰ 'ਤੇ ☛(ਬਾਕੀ ਸਫਾ 2 'ਤੇ)

ਹੁਣ ਨਹੀਂ ਵੱਜੇਗੀ ਫਰਲੋ

ਸਕੂਲਾਂ ਵਿੱਚ ਲੱਗਣਗੇ ਬਾਇਓ ਹਾਜ਼ਰੀ ਰਜਿਸਟਰ

ਚੰਡੀਗੜ੍ਹ, 24 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਵਿੱਚ ਹੁਣ ਅਧਿਆਪਕ ਫਰਲੋ ਨਹੀਂ ਮਾਰ ਸਕਣਗੇ। ਅਧਿਆਪਕਾਂ ਨੂੰ ਹੁਣ ਸਮੇਂ ਸਿਰ ਸਕੂਲ ਪਹੁੰਚਾਉਣ ਲਈ ਪੰਜਾਬ ਸਰਕਾਰ ਵੱਲੋਂ ਬਾਇਓ ਮੈਟ੍ਰਿਕ ਸਿਸਟਮ ਹਰ ਸਕੂਲ ਵਿੱਚ ਲਗਾਇਆ ਜਾ ਰਿਹਾ ਹੈ। ਜਿਸ 'ਤੇ ਆਪਣੇ ਅੰਗੂਠੇ ਨੂੰ ਲਗਾ ਕੇ ਅਧਿਆਪਕ ਸਕੂਲ ਅੰਦਰ ਜਾਇਆ ਕਰਨਗੇ। ਲੇਟ ਹੋਣ 'ਤੇ ਇਸ ਸਿਸਟਮ ਦੇ ਬੰਦ ਹੋਣ ਕਾਰਨ ਅਧਿਆਪਕ ਸਕੂਲ ਕੈਂਪਸ ਵਿੱਚ ਨਹੀਂ ਵੜ ਸਕਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿੱਖਿਆ ਮੰਤਰੀ ਉਪਿੰਦਰਜੀਤ ਕੌਰ ਨੇ ਨਵਾਂ ਜਮਾਨਾ ਨੂੰ ਦੱਸਿਆ ਕਿ ਸਕੂਲੀ ਸਿੱਖਿਆ ਦਾ ਸਤਰ ਉੱਚਾ ਚੁੱਕਣ ਲਈ ਇਸ ਪ੍ਰਣਾਲੀ ਨੂੰ ਲਾਗੂ ਕਰਨ ਦਾ ਫੈਸਲਾ ☛(ਬਾਕੀ ਸਫਾ 2 'ਤੇ)

ਰਾਮਾ ਹੱਡੀਆਂ ਅਤੇ ਜੋੜ੍ਹਾਂ ਦਾ ਹਸਪਤਾਲ

ਔਰਥਸ, ਨਿਊਰੋਂ ਕੇਅਰ ਸੈਂਟਰ

ਰੀੜ੍ਹ ਦੀ ਹੱਡੀ ਦੀ ਹਰ ਬਿਮਾਰੀ ਅਤੇ (ਰੀੜ੍ਹ ਦੀ ਹੱਡੀ ਦੀ ਇੰਜਰੀ) ਕਮਰ ਦਰਦ, ਸਰਵਾਈਕਲ ਦੇ ਦਰਦਾਂ ਤੇ ਗੋਡਿਆਂ ਅਤੇ ਜੋੜਾਂ ਦੇ ਦਰਦਾਂ ਦਾ ਸਫ਼ਲ ਇਲਾਜ।



ਬਗੈਰ :
- ਅਪ੍ਰੇਸ਼ਨ
- ਬੇਹੋਸ਼ੀ
- ਖਿੱਚ
- ਟੀਕਾ
- ਦਰਦ ਰਹਿਤ



ਪਿਛਲੇ 10 ਸਾਲਾਂ ਤੋਂ (ਦੇਸ਼ -ਵਿਦੇਸ਼) ਦੇ ਮਰੀਜ਼ਾਂ ਦੀ ਸੇਵਾ ਵਿੱਚ।

ਸਹੂਲਤਾਂ : ਵਧੀਆ ਸਟਾਫ਼, ਪਰਾਈਵੇਟ ਰੂਮ, ਜਨਰਲ ਵਾਰਡ, ਬਿਜਲੀ ਅਤੇ ਸਾਫ਼ ਸੁਥਰਾ ਮਾਹੌਲ

ਨਵਾਂ ਸ਼ਹਿਰ ਰੋਡ, ਨੇੜੇ ਫਿਲੌਰ ਸ਼ਹਿਰ, ਜ਼ਿਲ੍ਹਾ ਜਲੰਧਰ।

ਫੋਨ (H) 01826-238342(M) 98889-20009

ਆਉਣ ਤੋਂ ਪਹਿਲਾਂ ਫੋਨ ਕਰੋ !

(ਹਰ ਐਤਵਾਰ ਹਸਪਤਾਲ ਬੰਦ ਰਹੇਗਾ)

ਸਮਾਂ : ਗਰਮੀਆਂ : ਸਵੇਰੇ 9 ਤੋਂ 2 ਵਜੇ ਸ਼ਾਮ 4 ਤੋਂ 5.30 ਵਜੇ

ਸਰਦੀਆਂ : ਸਵੇਰੇ 9 ਤੋਂ 2 ਵਜੇ ਸ਼ਾਮ 4 ਤੋਂ 5.00 ਵਜੇ

ਫੋਨ (R) 01826-320385, 320291, 645004

For Contact Log in : www.drkulwantramaspinal.com

ਮਹਿਬੂਬ ਨਮਿੱਤ ਸ਼ਰਧਾਂਜਲੀ ਸਮਾਗਮ : ਜਦੋਂ ਇਤਿਹਾਸ, ਵਿਦਵਤਾ ਦੀ ਮਹਾਨਤਾ ਅੱਗੇ ਝੁਕਦਾ ਵੇਖਿਆ ਗਿਆ

ਡਾ. ਗੁਰਤਰਨ ਸਿੰਘ, ਸ. ਅਜਮੇਰ ਸਿੰਘ, ਸ. ਗੁਰਤੇਜ ਸਿੰਘ ਆਈ.ਏ.ਐਸ., ਸ. ਬੀਰਦਵਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ, ਉਪ ਮੁੱਖ ਮੰਤਰੀ ਦੇ ਰਾਜਸੀ ਸਕੱਤਰ ਸ. ਪਰਮਜੀਤ ਸਿੰਘ ਅਤੇ ਐਮ.ਐਲ.ਏ. ਇਕਬਾਲ ਸਿੰਘ ਝੂੰਦਾਂ ਵਲੋਂ ਵਿਛੜੇ ਦਰਵੇਸ਼ ਚਿੰਤਕ ਤੇ ਰਸਕ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ

ਕਰਮਜੀਤ ਸਿੰਘ
99150-91063

ਚੰਡੀਗੜ੍ਹ : ਸ਼ਰਧਾਂਜਲੀ ਸਮਾਰੋਹ ਕਈ ਵੇਖੇ ਹਨ ਪਰ ਮੰਗਲਵਾਰ ਵਾਲੇ ਦਿਨ ਨਾਭਾ ਦੇ ਨਜ਼ਦੀਕ ਪਿੰਡ ਝੂੰਦਾਂ ਦੇ ਵਿਹੜੇ ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਯਾਦ ਵਿਚ ਜੁੜਿਆ ਮੇਲਾ ਸੱਚੀ ਮੁੱਚੀ ਅਲੌਕਿਕ ਹੋ ਨਿਬੜਿਆ। ਗੁਰੂ ਗ੍ਰੰਥ ਸਾਹਿਬ ਦੀ ਠੰਢੀ ਮਿੱਠੀ ਛਾਂ ਹੇਠ ਜੋ ਗੱਲਾਂ ਮਹਿਬੂਬ ਸਾਹਿਬ ਦੀ ਯਾਦ ਵਿਚ ਉਸ ਦਿਨ ਕੀਤੀਆਂ ਗਈਆਂ ਉਹ ਸਾਡੇ ਮਨੋਇਤਿਹਾਸ (ਸਾਇਕੋ-ਹਿਸਟਰੀ) ਦੀ ਇਕ ਅਭੁੱਲ ਯਾਦਗਾਰ ਬਣੀ ਰਹੇਗੀ। ਇਹ ਉਹ ਸੁਹਾਵਣੇ ਪਲ ਸਨ ਜਦੋਂ ਗੱਲਾਂ ਕਰਨ ਵਾਲੇ ਤੇ ਗੱਲਾਂ ਸੁਣਨ ਵਾਲੇ ਇਕੋ ਸਮੇਂ ਉਚੇ ਧਰਾਤਲ ਉਤੇ ਕਿਸੇ ਵੱਡੇ ਸਹਿਜ ਵਿਚ ਵਿਚਰ ਰਹੇ ਸਨ। ਇਉਂ ਲੱਗਦਾ ਸੀ ਜਿਵੇਂ ਉਸ ਸਮਾਗਮ ਵਿਚ ਹਰ ਇਕ ਦੇ ਸਿਰ ਉਤੇ ਰੂਹਾਨੀਅਤ ਦਾ ਇਕ ਦੀਪ ਜਗਦਾ ਸੀ। ਕੀਰਤਨ ਤੋਂ ਪਿੱਛੋਂ ਤਿੰਨ ਘੰਟੇ ਚੱਲੇ ਇਸ ਸਮਾਗਮ ਵਿਚ ਹਰ ਕੋਈ ਇਹ ਸਮਝਦਾ ਸੀ ਕਿ ਇਸ ਸਮਾਗਮ ਵਿਚੋਂ ਉਠ ਕੇ ਜਾਣਾ ਮਹਿਬੂਬ ਦਾ ਹੀ ਨਿਰਾਦਰ ਨਹੀਂ ਸਗੋਂ ਮਹਿਬੂਬ ਬਾਰੇ ਕਿਸੇ ਕੀਮਤੀ ਗੱਲ ਤੋਂ ਵਾਂਝੇ ਹੋ ਜਾਣਾ ਹੈ।

ਇਕ ਹੋਰ ਅਲੋਕਾਰ ਘਟਨਾ ਉਸ ਦਿਨ ਸਾਕਾਰ ਰੂਪ ਵਿਚ ਵਾਪਰਦੀ ਵੇਖੀ ਗਈ। ਜਿਹੜੇ ਲੋਕ ਉਥੇ ਆਏ ਸਨ ਸਿਰਫ਼ ਉਹ ਹੀ ਇਸ ਰਮਜ਼ ਨੂੰ ਸਮਝ ਸਕਦੇ ਹਨ ਕਿ ਉਹਨਾਂ ਪਲਾਂ ਵਿਚ ਸਮਾਗਮ ਵਿਚ ਆਏ ਸਿਆਸਤਦਾਨ, ਇਤਿਹਾਸ ਦੀ ਮਹਾਨਤਾ ਅੱਗੇ ਝੁਕਦੇ ਵੇਖੇ ਗਏ। ਦੂਜੇ ਲਫ਼ਜ਼ਾਂ ਵਿਚ ਸਭ ਵੰਨਗੀਆਂ ਦੇ ਸਿਆਸਤਦਾਨਾਂ ਨੂੰ ਇਹ ਮਹਿਸੂਸ ਹੋਇਆ ਕਿ ਜਿਵੇਂ ਸਿੱਖੀ ਰੰਗਾਂ ਵਿਚ ਰੰਗੀ ਵਿਦਵਤਾ ਦਾ ਉਹਨਾਂ ਨੇ ਮੁੱਲ ਨਹੀਂ ਪਾਇਆ। ਇਕ ਅਣਕਿਹਾ ਪਛਤਾਵਾ ਉਹਨਾਂ ਦੇ ਚਿਹਰਿਆਂ ਉਤੇ ਸਾਫ਼ ਨਜ਼ਰ ਆਉਂਦਾ ਸੀ। ਉਹਨਾਂ ਨੇ ਸਿਰਫ਼ ਇਸ ਹਕੀਕਤ ਨੂੰ ਮਹਿਸੂਸ ਹੀ ਨਹੀਂ ਕੀਤਾ ਸਗੋਂ ਸਿੱਧੇ ਤੇ ਅਸਿੱਧੇ ਰੂਪ ਵਿਚ ਇਸ ਗੱਲ ਨੂੰ ਵੀ ਸਵੀਕਾਰ ਕੀਤਾ ਕਿ ਸਿੱਖੀ ਦਾ ਭਵਿੱਖ ਇਸ ਕਰਕੇ ਹਨੇਰੇ ਵਿਚ ਹੈ ਕਿਉਂਕਿ ਉਹਨਾਂ ਦੀਆਂ ਰਾਜਨੀਤੀਆਂ ਅਤੇ ਰਣਨੀਤੀਆਂ ਵਿਚ ਗੁਰੂ-ਯਾਦ ਤੇ ਗੁਰੂ-ਇਤਿਹਾਸ ਧੁੰਦਲਾ ਪੈਂਦਾ ਜਾ ਰਿਹਾ ਹੈ।

ਆਮ ਕਰਕੇ ਸਿਆਸਤਦਾਨਾਂ ਨੂੰ ਸਦਾ ਹੀ ਇਕ ਬੇਲੋੜੀ ਕਾਹਲ ਪਈ ਰਹਿੰਦੀ ਹੈ ਕਿ ਉਹ ਸ਼ਰਧਾਂਜਲੀ ਸਮਾਗਮਾਂ ਵਿਚ ਸਭ ਤੋਂ ਪਹਿਲਾਂ ਬੋਲਣ ਦੀ ਵਾਰੀ ਲੈਂਦੇ ਹਨ ਤੇ ਫਿਰ ਹੋਰਨਾਂ ਨੂੰ ਸੁਣੇ ਤੋਂ ਬਿਨਾਂ ਹੀ ਸਮਾਗਮ ਵਿਚੋਂ ਚਲੇ ਜਾਂਦੇ ਹਨ। ਪਰ ਇਥੇ ਤਿੰਨੇ ਘੰਟੇ ਲੰਮੇ ਸਮਾਗਮ ਵਿਚ ਹਾਕਮ ਪਾਰਟੀ ਦੇ ਤਿੰਨ ਸਿਆਸਤਦਾਨ ਅਖ਼ੀਰ ਤੱਕ ਬੈਠੇ ਰਹੇ। ਇਹ ਸਨ : ਸਾਬਕਾ ਕੇਂਦਰੀ ਕੈਬਨੇਟ ਮੰਤਰੀ ਅਤੇ ਪਾਰਟੀ ਦੇ ਸਕੱਤਰ ਜਨਰਲ ਸ. ਸੁਖਦੇਵ ਸਿੰਘ ਢੀਂਡਸਾ; ਸਾਬਕਾ ਡਿਪਟੀ ਸਪੀਕਰ ਸ. ਬੀਰਦਵਿੰਦਰ ਸਿੰਘ, ਐਮ.ਐਲ.ਏ. ਸ. ਇਕਬਾਲ ਸਿੰਘ ਝੂੰਦਾਂ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੇ ਪ੍ਰਤੀਨਿੱਧ ਅਤੇ ਰਾਜਸੀ ਸਕੱਤਰ ਸ. ਪਰਮਜੀਤ ਸਿੰਘ ਸਿੱਧਵਾਂ। ਸ. ਪਰਮਜੀਤ ਸਿੰਘ ਨੇ ਮਹਿਬੂਬ ਸਾਹਿਬ ਨੂੰ "ਬ੍ਰਹਿਮੰਡ ਦੀ ਵਿਦਵਤਾ ਦੇ ਧਾਰਨੀ" ਆਖਦਿਆਂ ਟਿੱਪਣੀ ਕੀਤੀ ਕਿ ਮੇਰੇ ਤੋਂ ਪਹਿਲਾਂ ਜਿਹੜੇ ਵਿਦਵਾਨ ਮਹਿਬੂਬ ਸਾਹਿਬ ਬਾਰੇ ਬੋਲ ਰਹੇ ਸਨ ਉਸ ਤੋਂ ਇੰਝ ਮਹਿਸੂਸ ਹੁੰਦਾ ਸੀ ਕਿ ਜਿਵੇਂ ਪ੍ਰੋ. ਹਰਿੰਦਰ ਸਿੰਘ ਮਹਿਬੂਬ ਅੱਜ ਖੁਦ ਬੋਲ ਰਹੇ ਹਨ। ਸੱਚ ਤਾਂ ਇਹ ਹੈ ਕਿ ਸਮਾਗਮ ਵਿਚ ਕੁਝ ਵੀ ਰਸਮੀ ਨਹੀਂ ਸੀ, ਸਭ ਕੁਝ ਗੈਰ-ਰਸਮੀ ਤੇ ਸੱਚੋ ਸੱਚ ਸੀ। ਸਭ ਕੁਝ ਧੜਿਆਂ ਦੀ ਸਿਆਸਤ ਤੋਂ ਉਪਰ ਉਠ ਕੇ ਜੋ ਆਖਿਆ ਜਾ ਰਿਹਾ ਸੀ ਉਸ ਨੂੰ ਸਾਰੇ ਹੀ ਬੜੇ ਹੀ ਧਿਆਨ ਨਾਲ ਸੁਣ ਰਹੇ ਸੀ ਤੇ ਅੰਦਰੋਂ ਅੰਦਰੀਂ ਮੰਨ ਵੀ ਰਹੇ ਸੀ।

ਹਾਕਮ ਪਾਰਟੀ ਦੇ ਸਕੱਤਰ ਜਨਰਲ ਸ. ਸੁਖਦੇਵ ਸਿੰਘ ਢੀਂਡਸਾ ਮੁਤਾਬਕ ਮਹਿਬੂਬ ਸਾਹਿਬ ਇਕ 'ਵਿਚਾਰਧਾਰਕ ਸੰਤ' ਸਨ। ਮਹਿਬੂਬ ਸਾਹਿਬ ਬਾਰੇ ਕੋਈ ਯਾਦਗਾਰ ਕਾਇਮ ਕਰਨ ਦੀ ਮੰਗ ਦਾ ਜ਼ਿਕਰ ਕਰਦਿਆਂ ਉਹਨਾਂ ਐਲਾਨ ਕੀਤਾ ਕਿ ਪਹਿਲਾਂ ਮਹਿਬੂਬ ਸਾਹਿਬ ਦੀ ਯਾਦ ਵਿਚ ਇਕ ਟ੍ਰਸਟ ਕਾਇਮ ਕੀਤਾ ਜਾਵੇ ਤੇ ਉਹ ਟ੍ਰਸਟ ਜਿਹੜੀਆਂ ਜਿਹੜੀਆਂ ਸਿਫ਼ਾਰਿਸ਼ਾਂ ਕਰੇਗਾ ਉਹ ਸਰਕਾਰ ਵੀ ਅਤੇ ਸ਼੍ਰੋਮਣੀ ਕਮੇਟੀ ਵੀ ਪੂਰਾ ਪੂਰਾ ਕਰਨ ਦਾ ਯਤਨ ਕਰੇਗੀ। ਇਨ੍ਹਾ ਸਿਫ਼ਾਰਿਸ਼ਾਂ ਵਿਚ ਮਹਿਬੂਬ ਸਾਹਿਬ ਦੇ ਨਾਂ 'ਤੇ ਕਿਸੇ ਯੂਨੀਵਰਸਿਟੀ ਵਿਚ ਚੇਅਰ ਸਥਾਪਿਤ ਕਰਨ ਦੀ ਗੱਲ ਹੋ ਸਕਦੀ ਹੈ ਜਾਂ ਮਹਿਬੂਬ ਸਾਹਿਬ ਦੀਆਂ ਲਿਖ਼ਤਾਂ ਦਾ ਅੰਗਰੇਜ਼ੀ ਤਰਜਮਾ ਕਰਾਉਣ ਦਾ ਕੋਈ ਪ੍ਰੋਜੈਕਟ ਬਣ ਸਕਦਾ ਹੈ ਜਾਂ ਉਹਨਾਂ ਦੀ ਲਿਖਤਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਤੇ ਆਮ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਬਣਾਉਣ ਲਈ ਕੋਈ ਪ੍ਰੋਗਰਾਮ ਸਿਰਜਿਆ ਜਾ ਸਕਦਾ ਹੈ। ਹਲਕੇ ਦੇ ਐਮ.ਐਲ.ਏ. ਸ. ਇਕਬਾਲ ਸਿੰਘ ਝੂੰਦਾਂ ਨੇ ਆਪਣੇ ਭਾਵਪੂਰਨ ਭਾਸ਼ਣ ਵਿਚ ਮਹਿਬੂਬ ਸਾਹਿਬ ਨਾਲ ਬਿਤਾਈਆਂ ਨਿੱਜੀ ਯਾਦਾਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਦੀ ਯਾਦ ਵਿਚ ਪਿੰਡ ਵਿਚ ਕਮਿਊਨਿਟੀ ਕੰਪਲੈਕਸ ਅਤੇ ਲਾਇਬਰੇਰੀ ਬਣਾਉਣ ਦੀ ਮੰਗ ਰੱਖੀ ਜੋ ਸ. ਪਰਮਜੀਤ ਸਿੰਘ ਨੇ ਪ੍ਰਵਾਨ ਕਰ ਲਈ। ਇਸੇ ਤਰ੍ਹਾਂ ਡਿਪਟੀ ਕਮਿਸ਼ਨਰ ਸ. ਹਰਕੇਸ਼ ਸਿੰਘ ਸਿੱਧੂ ਨੇ ਵੀ ਇਨ੍ਹਾਂ ਮੰਗਾਂ ਵਿਚ ਸਹਾਇਤਾ ਦੇਣ ਦਾ ਭਰੋਸਾ ਦਿਵਾਇਆ। ☛(ਬਾਕੀ ਸਫਾ 2 'ਤੇ)